कृण्वन्तो विश्वमार्यम्

Year : 8

Issue : 32 (Part-II)

April-June 2019

www.pramanaresearchjournal.com

यतेमहि स्वराज्ये

ISSN : 2249-2976

Impact Factor : 4.005

(Art, Humanity, Social Science, Commerce, Management, Law & Science Subjects)

(Indexed & Listed at : Ulrich's Periodicals Directory ©, ProQuest, U.S.A.)

(Indexed & Listed at : Copernicus, Poland)

(Indexed & Listed at : Research Bib, Japan)

(Indexed & Listed at : Indian Journal Index (IJINDEX))

(UGC Approved List No. 41241)

(International Refereed)

# Pramāna

## Research Journal

Editor-in-Chief

Acharya (Dr.) Shilak Ram

Acharya Academy

Bharat

ISO 9001:2008

समकालीन कवि डॉ॰ परमानन्द श्रीवास्तव के काव्य में आलोचना
नवीन कुमार 475-478
भारतेन्दु के अनूदित नाटक रत्नावली एवं पाखण्ड विडम्बन में मौलिक अभिव्यंजना
डॉ. मकरंद भट्ट, दिशा पारीक 479-482
हरियाणवी भाषा व संस्कृति का विदेशों में प्रसार
डॉ. रोहताश जमदग्नि 483-488
श्रीमद्भगवद्गीता की टीका परम्परा
विकास कुमार मीना 489-492
निराला के काव्य में विद्रोह और क्रांति का स्वर
सलीम मोहम्मद गड़ेद 493-499
ਸੁਹਜਵਾਦੀ ਦਰਸ਼ਨ ਦਾ ਰੁਝਾਨ ਅਤੇ ਪੰਜਾਬੀ ਸੁਹਜਾਵਾਦੀ ਕਵਿਤਾ ਦੇ ਕੁਝ ਵਿਦਵਾਨ
ਡਾ. ਗੁਰਜਿੰਦਰ ਕੌਰ 500-502
ਮਾਰਕਸਵਾਦ
ਸਰਵਜੀਤ ਸਿੰਘ 503-506
ਪੰਜਾਬੀ ਸਾਹਿਤ ਵਿਚ ਮਿਥ ਰੂਪਾਂਤਰਣ: ਇਤਿਹਾਸਕ ਪਰਿਪੇਖ
ਡਾ. ਗੁਰਪ੍ਰੀਤ ਕੌਰ 507-510
ਉਦਾਸੀ ਸੰਪ੍ਰਦਾਇ : ਗੁਰਮਤਿ ਪ੍ਰਚਾਰ ਵਿਚ ਯੋਗਦਾਨ 511-515
ਗੁਰੂ ਨਾਨਕ ਬਾਣੀ ਇੱਕ ਜੀਵਨ ਫ਼ਲਸਫਾ
ਗੁਰਦੀਪ ਸਿੰਘ 516-518
ਗੁਰਬਾਣੀ ਵਿੱਚ ਨਾਰੀ ਬਿੰਬ
ਸਤਵਿੰਦਰ ਕੌਰ 519-523
Mob Lynching – A New Normal in India
Prof. (Dr.) M.Vishwakarma, Diksha Singh 524-529
E- Marketing: The Future of Marketing Field
Savita Dahiya 530-534
The Concept of Humanism in Vivekânanda's Philosophy
Dr Monoranjan Das 535-538
Law Relating to Lease of Agricultural Property in Punjab
Simmy Dhanjus 539-543
नागेशभट्ट-भूषणसारस्य मतानुसारं धात्वर्थविचारः
मौमिता चौधुरी 544-549
भारतीय राजनीति और दलित
डॉ॰ विजयन्ती 550-557

Pramāna
International Refereed
Impact Fac
Research Journal (ISSN : 22
Year-8, Issue-32(ii)(Apr.-Jun. 2019) (Page No. 500-502)

# ਸੁਹਜਵਾਦੀ ਦਰਸ਼ਨ ਦਾ ਰੁਝਾਨ ਅਤੇ ਪੰਜਾਬੀ ਸੁਹਜਾਵਾਦੀ ਕਵਿਤਾ ਦੇ ਕੁਝ ਵਿਦਵਾਨ

ਡਾ. ਗੁਰਜਿੰਦਰ ਕੌਰ
ਸਹਾਇਕ ਪ੍ਰੋਫ਼ੈਸਰ
ਸ੍ਰੀ ਗੁਰੂ ਨਾਨਕ ਗਰਲਜ਼ ਕਾਲਜ
ਸੰਤਪੁਰਾ (ਯਮੁਨਾਨਗਰ)

ਸ਼ੋਧ ਆਲੇਖ ਸਾਰ

ਪੰਜਾਬੀ ਕਵਿਤਾ ਦੇ ਵਿਕਾਸ ਉੱਤੇ ਸੁਹਜਵਾਦ ਦਾ ਵੀ ਉਘੜਵਾਂ ਪ੍ਰਭਾਵ ਪਿਆ। ਇਸ ਵਾਦ ਨੇ ਵੀ ਪ੍ਰਗਤੀਵਾਦ, ਰੁਮਾਂਸਵਾਦ ਅਤੇ ਮਾਰਕਸਵਾਦ ਦੇ ਸਮਾਨਾਂਤਰ ਤੁਰਦਿਆਂ ਆਪਣੀ ਨਿਵੇਕਲੀ ਪਰੰਪਰਾ ਕਾਇਮ ਕੀਤੀ। ਕਵਿਤਾ ਮੁਢ ਤੋਂ ਹੀ ਮਨੁੱਖੀ ਜੀਵਨ ਦਾ ਅਹਿਮ ਭਾਗ ਬਣੀ ਹੋਈ ਹੈ। ਹਰ ਯੁੱਗ ਵਿਚ ਇਸਦੇ ਰੋਲ ਤੇ ਪ੍ਰਕਾਰਜ ਬਦਲਦੇ ਰਹੇ ਹਨ ਅਤੇ ਕਲਾਤਮਕ ਅਨੁਭਵ ਜਦੋਂ ਅਨੁਭੂਤੀ ਬਣਦੇ ਹਨ ਤਾਂ ਸੁਹਜ ਦੇ ਸਿਰਜਕ ਹੋ ਨਿਬੜਦੇ ਹਨ।

ਮੁੱਖ ਸ਼ਬਦ : ਆਰਥਿਕਤਾ, ਨੈਤਿਕਤਾ, ਦਾਰਸ਼ਨਿਕ ਅਧਿਐਨ, ਰੁਮਾਂਸਵਾਦੀ ਲਹਿਰ ।

ਸੁਹਜਵਾਦ ਇਕ ਅਜਿਹਾ ਵਾਦ ਹੈ ਜਿਸਦੀ ਕਲਾ ਸਿਰਜਨਾ ਅਤੇ ਮੁੱਲਾਂਕਣ ਦੀ ਦ੍ਰਿਸ਼ਟੀ ਵਜੋਂ ਹੋਂਦ ਲਗਭਗ ਡੇਡ ਸੌ ਸਾਲ ਪੁਰਾਣੀ ਹੈ। 19ਵੀ ਸਦੀ ਦੇ ਅੱਧ ਤੋਂ ਕੁਝ ਵਰ੍ਹੇ ਪਹਿਲਾਂ ਆਰੰਭ ਹੋ ਕੇ ਇਹ ਵਾਦ 30-35 ਵਰ੍ਹਿਆਂ ਤੱਕ ਪ੍ਰਭਾਵਸ਼ਾਲੀ ਰੂਪ ਵਿਚ ਵਿਸ਼ਵ ਪੱਧਰ ਦੇ ਸਾਹਿਤ ਵਿਚ ਆਪਣੀ ਥਾਂ ਬਣਾਉਣ ਵਿਚ ਸਫ਼ਲ ਰਿਹਾ ਹੈ। ਸੁਹਜਵਾਦ ਬਾਰੇ ਕਿਹਾ ਜਾ ਸਕਦਾ ਹੈ ਕਿ ਇਸ ਵਾਦ ਦੀ ਕੋਈ ਸੁਨਿਸ਼ਚਿਤ ਅਤੇ ਸੁਗਠਿਤ ਵਿਚਾਰਧਾਰਾ ਨਹੀ, ਮੁੱਖ ਰੂਪ ਵਿਚ ਇਹ ਵਸਤੂਆਂ ਦੇ ਪ੍ਰਤੱਖਣ ਅਤੇ ਉਹਨਾਂ ਸੰਬੰਧੀ ਮਹਿਸੂਸ ਕਰਨ ਦੀ ਇਕ ਵਿਸ਼ੇਸ਼ ਵਿਧੀ ਹੈ। ਸੁਹਜਵਾਦੀ ਦਰਸ਼ਨ ਆਪਣੇ ਆਪ ਵਿਚ ਸਾਧਯ, ਸਵੈ-ਸੰਪੂਰਨ ਅਤੇ ਖੁਦਮੁਖਤਾਰ ਕਲਾ ਤੇ ਸਾਹਿਤ ਦੀ ਹਾਮੀ ਭਰਦਾ ਹੈ।

ਸੁਹਜਵਾਦ ਦੀ ਬੁਨਿਆਦੀ ਸਥਾਪਨਾ ਇਹ ਹੈ ਕਿ ਕਿਸੇ ਵੀ ਕਲਾ ਕਿਰਤ ਨੂੰ ਸਮਾਜ, ਧਰਮ, ਰਾਜਨੀਤਿ ਆਰਥਿਕਤਾ ਅਤੇ ਨੈਤਿਕਤਾ ਆਦਿ ਖੇਤਰਾਂ ਦੀ ਮੁਹਤਾਜ ਹੋਣ ਦੀ ਲੋੜ੍ਹ ਨਹੀ, ਭਾਵ ਸੁਹਜ ਤੋਂ ਛੁੱਟ ਹੋਰ ਕਿਸੇ ਮਕਸਦ ਦੀ ਪੂਰਤੀ ਦਾ ਸਾਧਨ ਕਲਾ ਜਾਂ ਸਾਹਿਤ ਨੂੰ ਬਣਾਇਆ ਜਾਣ ਦੀ ਜ਼ਰੂਰਤ ਨਹੀ । ਸੁਹਜਵਾਦ ਆਪਣੀ ਹੋਂਦ ਦੀ ਪਹਿਚਾਨ ਆਪ ਸਥਾਪਿਤ ਕਰਨ ਵਿੱਚ ਸਮਰਥ ਹੈ। "Dr. R.C. Johnson ਅਨੁਸਾਰ ਕਲਾ ਦੇ ਪ੍ਰਸੰਗ ਵਿਚ ਸੁਹਜਵਾਦ 'ਕੇਵਲ ਸੁੰਦਰ ਜਾਂ ਸੌਂਦਰਯ ਦੇ ਦਾਰਸ਼ਨਿਕ ਅਧਿਐਨ ਨਾਲ ਹੀ ਸੰਬੰਧਿਤ ਨਹੀ ਸਗੋਂ ਇਹ ਕਲਾ ਅਤੇ ਸੁਹਜ ਸੰਬੰਧੀ ਅਤੇ ਜੀਵਨ ਵਿਚ ਉਹਨਾਂ ਦੇ ਸਥਾਨ ਸੰਬੰਧੀ ਵਿਸ਼ਵਾਸਾਂ ਨਾਲ ਹੀ ਸੰਬੰਧਿਤ ਹੈ।'[1]

ਸੁਹਜਵਾਦੀ ਲਹਿਰ ਦਾ ਇਤਿਹਾਸਕ ਪਿਛੋਕੜ ਰੁਮਾਂਸਵਾਦੀ ਲਹਿਰ ਨਾਲ ਸੰਬੰਧਿਤ ਹੈ। ਰੁਮਾਂਸਵਾਦੀ ਲਹਿਰ ਨੂੰ ਕਲਾ/ਸਾਹਿਤ ਦੀ ਸ਼ੁੱਧਤਾ ਅਤੇ ਸੁਤੰਤਰਤਾ ਦੇ ਹੱਕ ਵਿਚ ਉਠਾਈ ਗਈ ਜੋਰਦਾਰ ਆਵਾਜ਼ ਵੀ ਕਿਹਾ ਜਾਂਦਾ ਹੈ। ਰੋਮਾਂਸਵਾਦ ਅਸਲ ਵਿਚ ਵਿਸ਼ਵ-ਪੱਧਰ ਦੇ ਸਾਹਿਤ ਅਤੇ ਕਲਾ-ਕਿਰਤਾਂ ਉੱਤੇ ਕਲਾਸਿਕਵਾਦੀਆਂ ਦੁਆਰਾ ਲਾਈਆਂ ਗਈਆਂ ਕੱਟੜ ਪਾਬੰਦੀਆਂ ਦੇ ਖਿਲਾਫ਼ ਇਕ ਵਿਦਰੋਹ ਸੀ। ਰੁਮਾਂਸਵਾਦ ਕਲਾ ਵਿਚੋਂ ਇਕ ਨਿਸ਼ਚਿਤ ਤਰ੍ਹਾਂ ਦੇ ਬਨਾਉਟੀਪੁਣੇ, ਗਤੀਹੀਣਤਾ ਅਤੇ ਅਮੂਰਤ ਪੂਰਨਤਾ ਦੀ ਰੁਚੀ ਨੂੰ ਬਾਹਰ ਕੱਢਦਾ ਹੈ। ਰੁਮਾਂਸਵਾਦ, ਸਾਹਿਤ ਨੂੰ ਸਜੀਵ ਅਤੇ ਗਤੀਮਾਨ ਬਣਾਉਣ ਉੱਤੇ ਜੋਰ ਦਿੰਦਾ ਹੈ।

"ਵਿਸ਼ਵ ਪੱਧਰ ਦੇ ਪ੍ਰਮੁੱਖ ਰੁਮਾਂਸਵਾਦੀ ਚਿੰਤਕਾਂ ਵਿਚ ਕਜ਼ਨ, ਬਲੇਕ, ਵਰਡਜ਼ਵਰਥ, ਕਾਲਰਿਜ, ਸ਼ੈਲੇ, ਕੀਟਸ ਆਦਿ ਦੇ ਨਾਂ ਵਰਣਨਯੋਗ ਹਨ। ਇਹਨਾਂ ਚਿੰਤਕਾਂ ਦੁਆਰਾ ਕਲਾ ਦੀ ਸੁਤੰਤਰਤਾ ਤੇ ਖੁਦਮੁਖਤਾਰੀ ਸੰਬੰਧੀ ਪੇਸ਼ ਕੀਤੀਆਂ ਗਈਆਂ ਧਾਰਨਾਵਾਂ ਨੇ ਸੁਹਜਵਾਦ ਦਾ ਰਾਹ ਖੋਲਿਆ।"[2] ਪੱਛਮੀ ਵਿਦਵਾਨ ਸੁਹਜ ਨੂੰ ਕਿਸੇ ਸੰਕਲਪ ਤੋਂ ਬਗੈਰ ਆਨੰਦਿਤ ਕਰਨ ਵਾਲੀ ਵਸਤੂ ਵਜੋਂ ਪਰਿਭਾਸ਼ਿਤ ਕਰਦੇ ਹਨ। ਪੱਛਮੀ ਵਿਦਵਾਨ ਸਿਲਰ, ਸੁਹਜ ਨੂੰ ਇਕ ਜੀਵੰਤ ਰੂਪ ਮੰਨਦੇ ਹੋਏ ਇਸ ਨੂੰ ਕੇਵਲ ਕਲਾ ਦੇ ਖੇਤਰ ਨਾਲ ਸੰਬੰਧਿਤ ਮੰਨਦਾ ਹੈ। ਉਸਦਾ ਵਿਚਾਰ ਹੈ ਕਿ ਸਾਰੀਆਂ ਹੀ ਕਲਾਵਾਂ ਆਨੰਦ ਨੂੰ ਸਮਰਪਿਤ ਹੁੰਦੀਆਂ ਹਨ ਅਤੇ ਕਲਾ ਦਾ ਸਹੀ ਰੂਪ ਉਹ ਹੀ ਹੈ ਜੋ ਉੱਚੇ ਆਨੰਦ ਦੀ ਸਿਰਜਨਾ ਕਰਦਾ ਹੈ।

ਰੁਮਾਂਸਵਾਦੀ ਕਲਾਕਾਰਾਂ ਤੇ ਚਿੰਤਕਾਂ ਦੀ ਇਹ ਪ੍ਰਾਪਤੀ ਕਹੀ ਜਾ ਸਕਦੀ ਹੈ ਕਿ ਇਹਨਾਂ ਨੇ ਕਿਸੇ ਵੀ ਤਰ੍ਹਾਂ ਦੀ ਕਲਾ ਤੇ ਸਾਹਿਤ ਵਿਚ ਨਵੀਨਤਾ, ਮੌਲਿਕਤਾ, ਸੁਭਾਵਿਕਤਾ ਅਤੇ ਖੋਜ-ਬਿਰਤੀ ਨੂੰ ਪੇਸ਼ ਕਰਨ ਦੀ ਸਮਰਥਾ ਮੰਨੀ। ਰੁਮਾਂਸਵਾਦੀ ਚਿੰਤਕਾਂ ਦੀ ਇਹ ਹੀ ਵਿਚਾਰਧਾਰਾ ਕਲਾਸਿਕਵਾਦੀ ਜਮੂਦ ਨੂੰ ਤੋੜ ਕੇ ਸਾਹਿਤ ਨੂੰ ਨਵਾਂ ਜਾਮਾ ਪਹਿਨਾਉਂਦੀ ਹੈ। 'ਪ੍ਰਸਿੱਧ ਅੰਗਰੇਜ਼ੀ ਕਵੀ Keats ਅਨੁਸਾਰ 'ਕਵਿਤਾ ਉਨੀ ਸੁਭਾਵਿਕਤਾ ਨਾਲ ਹੀ ਹੋਂਦ ਵਿਚ ਆਉਣੀ ਚਾਹੀਦੀ ਹੈ ਜਿਵੇਂ ਸੁਭਾਵਿਕਤਾ ਨਾਲ ਦਰਖ਼ਤ ਦੇ ਪੱਤੇ ਫੁੱਟਦੇ ਹਨ।"[3]

John Keats ਆਪਣੀ ਪ੍ਰਸਿੱਧ ਕਵਿਤਾ 'Ode on a Gracian Urn' ਦੀਆਂ ਅੰਤਿਮ ਸਤਰਾਂ ਵਿਚ ਸੁਹਜ ਸੰਬੰਧੀ ਰੁਮਾਂਸਵਾਦੀ ਨਿਸ਼ਠਾ ਬੜੇ ਸਪਸ਼ਟ ਸ਼ਬਦਾਂ ਵਿਚ ਵਿਅਕਤ ਕਰਦਾ ਹੈ ਕਿ ਸੁਹਜ ਸਤਿ ਹੈ ਤੇ ਸਤਿ ਸੁਹਜ ਹੈ । ਇਹੋ ਉਹ ਸਮੁੱਚਾ ਗਿਆਨ ਹੈ ਜਿਸ ਨੂੰ ਹਾਸਿਲ ਕਰਨ ਦੀ ਲੋੜ ਹੈ। (Beauty is Truth, Truth Beauty that is all)[4]

ਸੁਹਜਵਾਦ ਰੁਮਾਂਸਵਾਦੀਆਂ ਦੇ ਜੋਸ਼ੀਲੇ ਝੁਕਾਉ ਦਾ ਇਕ ਕੁਦਰਤੀ ਵਿਕਾਸ ਵੀ ਸੀ ਜੋ ਸਮਕਾਲੀ ਪਰਿਸਥਿਤੀਆਂ ਦੇ ਪ੍ਰਤੀਕਰਮ ਵਜੋਂ ਹੋਂਦ ਵਿਚ ਆਇਆ ਇਕ ਉਭਾਰ ਵੀ ਸੀ। ਇਸ ਤਰ੍ਹਾਂ ਸੁਹਜਵਾਦ ਵਿਕਟੋਰੀਅਨ ਸਮਾਜ ਦੀਆਂ ਨਿਮਨ-ਪੱਧਰ ਦੀਆਂ ਯਥਾਰਥਵਾਦੀ, ਉਪਯੋਗਤਾਵਾਦੀ, ਪਵਿੱਤਰਤਾਵਾਦੀ-ਨੈਤਿਕਵਾਦੀ ਆਦਿ ਰੁਚੀਆਂ ਦੇ ਖਿਲਾਫ਼ ਹੋਂਦ ਵਿਚ ਆਇਆ। ਸੁਹਜਵਾਦੀ ਲਹਿਰ ਨਾਲ ਜਿਹੜੇ ਲੋਕ ਸੰਬੰਧਿਤ ਸਨ ਉਹਨਾਂ ਵਿਚੋਂ ਵਧੇਰੇ ਕਵੀ ਤੇ ਸਾਹਿਤਕਾਰ ਸਨ ਪਰੰਤੂ ਛੇਤੀ ਹੀ ਇਹਨਾਂ ਦੀ ਦ੍ਰਿਸ਼ਟੀ ਆਲੋਚਨਾ ਦਾ ਵਿਸ਼ਾ ਬਣਨ ਲਗੀ ਅਤੇ ਸੁਹਜਵਾਦੀ ਲਹਿਰ ਉਤੇ ਕੀਤੇ ਗਏ ਪ੍ਰਹਾਰ ਵਿਸ਼ਵ ਵਿਚ ਚਰਚਾ ਦਾ ਵੱਧ ਵਿਸ਼ਾ ਬਣੇ ।

ਸੁਹਜਵਾਦੀ 'ਕਲਾ ਨੂੰ ਕੇਵਲ ਕਲਾ ਮੰਨਦੇ ਹਨ ਹੋਰ ਕੁਝ ਨਹੀ ਅਤੇ ਸੁਹਜ ਦੀ ਸਿਰਜਨਾ ਤੋਂ ਛੁੱਟ ਕਲਾ ਦਾ ਹਰ ਕਦੇ ਉਦੇਸ਼ ਵੀ ਨਹੀ ਮੰਨਦੇ। ਇਸ ਸੰਬੰਧ ਵਿਚ "ਵਾਈਲਡ ਦਾ ਵਿਚਾਰ ਹੈ ਕਿ ਕਲਾਕਾਰ ਦਾ ਕੰਮ ਸਵੈ-ਪ੍ਰਗਟਾਵਾ ਕਰਨਾ ਹੀ ਨਹੀਂ ਹੁੰਦਾ ਸਗੋਂ ਇਕ ਸੁੰਦਰ ਵਸਤੂ ਦੀ ਸਿਰਜਨਾ ਕਰਨਾ ਹੁੰਦਾ ਹੈ ਅਤੇ ਸੁੰਦਰ ਵਸਤੂ ਉਹ ਹੁੰਦੀ ਹੈ ਜਿਸਦਾ ਕੋਈ ਵਿਹਾਰਿਕ ਉਦੇਸ਼ ਨਹੀਂ ਹੁੰਦਾ। ਇਸ ਲਈ ਉਹ ਮੰਨਦਾ ਹੈ ਕਿ ਕਲਾ-ਕਿਰਤ ਜੋ ਕਿ ਇਕ ਸੁੰਦਰ ਵਸਤੂ ਹੈ, ਨੂੰ ਨੈਤਿਕ ਤੇ ਉਪਯੋਗੀ ਉਦੇਸ਼ਾ ਵੱਲ ਉਨਮੁਖ ਕਰਨਾ ਇਸਦੀ ਸੁੰਦਰਤਾ ਨੂੰ ਵਿਗਾੜਨ ਦੇ ਸਮਾਨ ਹੈ।"[5]

ਇਸ ਤਰ੍ਹਾਂ ਸੁਹਜਵਾਦ ਕੋਈ ਬਹੁਤ ਚਿਰ ਸਾਹਿਤ ਤੇ ਕਲਾ ਉਤੇ ਆਪਣਾ ਪ੍ਰਭਾਵ ਨਾ ਪਾ ਸਕੀ। 19ਵੀ ਸਦੀ ਦੇ ਅੱਧ ਤੋਂ ਕੁਝ ਵਰ੍ਹੇ ਪਹਿਲਾਂ ਆਰੰਭ ਹੋ ਕੇ 1960-70 ਤੱਕ ਇਸਦਾ ਬੋਲਬਾਲਾ ਰਿਹਾ ਅਤੇ ਇਸ ਤੋਂ ਬਾਅਦ ਇਸ ਲਹਿਰ ਦੁਆਰਾ ਕਲਾ ਤੇ ਸਾਹਿਤ ਸੰਬੰਧੀ ਸਨਮੁਖ ਰਖੇ ਗਏ ਉਦੇਸ਼ ਵਿਕ੍ਰਿਤ ਰੂਪ ਵਿਚ ਪੇਸ਼ ਹੋਣ ਲੱਗੇ। ਸੁਹਜਵਾਦੀ ਲਹਿਰ ਦੇ ਪੈਰੋਕਾਰਾਂ ਦੀ 'ਕਲਾ ਕਲਾ ਲਈ' ਤੇ 'ਸੁਹਜ ਸੁਹਜ ਲਈ' ਦੇ ਵਿਚਾਰਾਂ ਪ੍ਰਤੀ ਬਹੁਤੀ ਕੱਟੜਤਾ ਇਸ ਲਹਿਰ ਦੇ ਥਿੜਕਣ ਦਾ ਸਭ ਤੋਂ ਵੱਡਾ ਕਾਰਨ ਬਣੀ। ਕਲਾ ਨੂੰ ਜੀਵਨ ਸਮਾਜ ਤੇ ਆਲੇ-ਦੁਆਲੇ ਤੋਂ ਟੁੱਟੀ ਹੋਈ ਇਕ ਅਜੇਹੀ ਪ੍ਰਾਥਗਾਹ ਭਾਵ ਸੁਪਨਮਈ ਬਣਾ ਲੈਣਾ, ਜਿਥੇ ਜੀਵਨ ਸੰਘਰਸ਼ ਤੋਂ ਭੱਜ ਕੇ ਪਨਾਹ ਲਈ ਜਾ ਸਕਦੀ ਹੈ ਆਦਿ ਨੁਕਤੇ ਸੁਹਜਵਾਦ ਦੇ ਵਿਰੋਧੀਆਂ ਵਲੋਂ ਪ੍ਰਹਾਰਾਂ ਦਾ ਨਿਸ਼ਾਨਾ ਬਣਾਏ ਗਏ। ਸੁਹਜਵਾਦੀਆਂ ਦਾ ਨਾਰਾ 'ਕਲਾ-ਕਲਾ ਲਈ' ਪਦ ਦੀ ਵਰਤੋਂ ਸਭ ਤੋਂ ਪਹਿਲਾਂ 1833 ਵਿਚ ਕੀਤੀ ਗਈ । ਸੁਹਜਵਾਦੀ ਲਹਿਰ ਦੇ ਬਾਅਦ ਦੇ ਵਰ੍ਹਿਆਂ ਵਿਚ 'ਕਲਾ-ਕਲਾ ਲਈ' ਦਾ ਸਿਧਾਂਤ ਕੱਟੜ ਰੂਪਵਾਦ ਵਿਚ ਪਰਿਵਰਤਿਤ ਹੋ ਗਿਆ ਅਤੇ ਰੂਪ ਦੀ ਪੂਜਾ ਦੇ ਇਸ ਦੌਰ ਵਿਚ ਸਾਹਿਤ ਤੇ ਕਲ ਵਿਚ ਨਿਗੁਣਤਾ ਤੇ ਬਨਾਵਟੀ ਸਜਾਵਟ ਦੇ ਲੱਛਣ ਉਭਰਨ ਲੱਗੇ। ਇਸ ਤੋਂ ਛੁੱਟ ਸੁਹਜਵਾਦ ਕੋਈ ਅਜਿਹੇ ਸੁਨਿਸ਼ਚਿਤ ਨੇਮ ਵੀ ਪ੍ਰਦਾਨ ਨਾ ਕਰ ਸਕਿਆ ਜਿਹਨਾਂ ਦੀ ਪਾਲਣਾ ਨਾਲ ਕਲਾ-ਕਿਰਤਾਂ ਦੀ ਉਚਿਤ ਪਰਖ ਜਾਂ ਸਮੀਖਿਆ ਦੇ ਕਾਰਜ ਵਿਚ ਅਗਵਾਈ ਮਿਲ ਸਕੇ। ਇਸ ਤਰ੍ਹਾਂ ਸੁਹਜਵਾਦ ਬਾਰੇ ਕਿਹਾ ਜਾ ਸਕਦਾ ਹੈ ਕਿ ਸੁਹਜਵਾਦ ਦਾ ਸੰਬੰਧ ਮਨੁੱਖ ਦੀ ਅੰਦਰਲੀ ਬਿਰਤੀ 'ਆਨੰਦ ਜਾਂ ਸੁਆਦ' ਨਾਲ ਮੰਨਿਆ ਜਾ ਸਕਦਾ ਹੈ। ਆਨੰਦ ਪ੍ਰਾਪਤੀ ਨੂੰ ਆਤਮ ਸੰਤੁਸ਼ਟੀ ਤੋਂ ਪੈਦਾ ਹੋਈ ਚੇਤਨਾ ਦਾ ਸਰੋਤ ਮੰਨਿਆ ਜਾਂਦਾ ਹੈ। ਕਵੀ ਕਵਿਤਾ ਆਤਮ ਸੰਤੁਸ਼ਟੀ ਲਈ ਕਰਦਾ ਹੈ। ਸੁਹਜਵਾਦੀ ਪ੍ਰਵਿਰਤੀ ਨੂੰ ਆਪਣੀ ਚੇਤਨਾ ਵਿਚ ਸਮੋ ਦੇ ਆਨੰਦ ਪ੍ਰਾਪਤ ਕਰਦੇ ਹਨ। ਮਨੁੱਖੀ ਮਨ ਦਾ ਇਹ ਹੀ ਆਨੰਦ ਉਸਦੇ ਜੀਵਨ ਦਾ ਸੁਆਦ ਹੈ। ਸੁਹਜ ਵਿਚ ਰੁਚੀ ਲੈਣਾ ਮਨੁੱਖ ਦੀ ਸੁਭਾਵਿਕ ਰੁਚੀ ਹੈ। ਸਿਧਾਂਤਕ ਤੇ ਵਿਹਾਰਕ ਜਰੂਰਤਾਂ ਤੋਂ ਛੁੱਟ ਸੁਹਜ-ਸੁਆਦ ਦੀ ਸੰਤੁਸ਼ਟੀ ਵੀ ਮਨੁੱਖੀ ਮਨ ਦੀ ਜਰੂਰਤ ਹੈ। ਮਨੁੱਖ ਦੀ ਸੁਹਜਵਾਦੀ ਰੁਚੀ ਕਾਰਨ ਹੀ ਕੋਮਲ ਕਲਾਵਾਂ ਹੋਂਦ ਵਿਚ ਆਈਆਂ ਅਤੇ ਵਰਤਮਾਨ ਸਦੀ ਵਿਚ ਰੂਸੀ ਰੂਪਵਾਦੀ ਲਹਿਰ ਅਤੇ ਨਵ-ਆਲੋਚਨਾ ਦੇ ਪੈਰੋਕਾਰਾਂ ਦੀ ਪ੍ਰੇਰਣਾ ਭੂਮੀ ਵੀ ਸੁਹਜਵਾਦੀ ਲਹਿਰ ਹੀ ਸੀ।

"ਇਸ ਤਰ੍ਹਾਂ ਸੁਹਜਵਾਦ ਕੋਈ ਦਰਸ਼ਨ ਜਾਂ ਸਿਧਾਂਤ ਨਹੀ ਅਤੇ ਨਾ ਹੀ ਕਿਸੇ ਨਿਸ਼ਚਿਤ ਵਿਚਾਰਧਾਰਾ ਦਾ ਚੋਖਟਾ ਹੈ ਜਿਸ ਵਿਚ ਕਿਸੇ ਕਾਵਿ ਕਿਰਤ ਨੂੰ ਫਿਟ ਕਰਕੇ ਉਸ ਉਤੇ ਸੁਹਜਵਾਦੀ ਹੋਣ ਦਾ ਲੇਬਲ ਲਾਇਆ ਜਾ ਸਕੇ।"[6]

ਪੰਜਾਬੀ ਸਾਹਿਤ ਦੇ ਸੰਬੰਧ ਵਿਚ ਜਦੋਂ ਅਸੀ ਸੁਹਜਵਾਦ ਨੂੰ ਚਰਚਾ ਦਾ ਆਧਾਰ ਬਣਾਉਂਦੇ ਹਾਂ ਤਾਂ ਕਹਿ ਸਕਦੇ ਹਾਂ ਕਿ ਸਾਹਿਤ ਦੇ ਵੱਖਰੇ-ਵੱਖਰੇ ਰੂਪਾਂ ਵਿਚੋਂ ਕਵਿਤਾ ਵਿਸ਼ੇਸ਼ ਤੌਰ ਤੇ ਮਨੁੱਖ ਦੀ ਸੁਹਜ-ਰੁਚੀ ਦੀ ਸੰਤੁਸ਼ਟੀ ਕਰਦੀ ਹੈ। ਪੰਜਾਬੀ ਕਵਿਤਾ ਆਧੁਨਿਕ ਯੁੱਗ ਵਿਚ ਵੱਖ-ਵੱਖ ਪ੍ਰਵਿਰਤੀਆਂ ਦੀ ਲਖਾਇਕ ਰਹੀ ਹੈ। ਅਸੀ ਪੰਜਾਬੀ ਕਵਿਤਾ ਨੂੰ ਆਧੁਨਿਕ ਯੁਗ ਦੀਆਂ ਵੱਖ-ਵੱਖ ਕਾਵਿ-ਧਾਰਾਵਾਂ ਨਾਲ ਸੰਬੰਧਿਤ ਅਤੇ ਕੁਝ ਧਾਰਾ ਮੁਕਤ ਕਵੀਆਂ ਦੀ ਕਵਿਤਾ ਵਿਚ ਕਾਰਜਸ਼ੀਲ ਸੁਹਜਾਤਮਕ ਪ੍ਰਵਿਰਤੀ ਬਾਰੇ ਚਰਚਾ ਕਰਾਂਗੇ।

ਪੰਜਾਬੀ ਸਾਹਿਤ ਦੀ ਹਰ ਇਕ ਵਿਧਾ ਉਤੇ ਹੱਥ ਅਜਮਾਉਣ ਵਾਲਾ "ਭਾਈ ਵੀਰ ਸਿੰਘ ਕਵਿਤਾ ਦੇ ਸੁਹਜ-ਮੁੱਲ ਨੂੰ ਉਸਦੇ ਅੰਤਿਮ ਮੁੱਲ ਵਜੋਂ ਸਥਾਪਿਤ ਨਾ ਕਰਕੇ ਉਸਨੂੰ ਹੋਰ ਅਧਿਆਤਮਕ ਨੈਤਿਕ ਮੁੱਲਾਂ ਵਜੋਂ ਸਥਾਪਿਤ ਕਰਦਾ ਹੈ। ਇਸ ਤੋਂ ਬਾਅਦ ਪੂਰਨ ਸਿੰਘ ਦਾ ਆਧਾਰ ਅਨੁਭਵ ਵੀ ਅਧਿਆਤਮਕ ਪ੍ਰਵਿਰਤੀ ਵਾਲਾ ਹੈ ਅਤੇ ਇਸ ਕਾਵਿ ਵਿਚ ਅਚੇਤ ਹੀ ਸੁਹਜਾਤਮਕਤਾ ਦੇ ਗੁਣ ਸਥਾਪਿਤ ਹੋ ਜਾਂਦੇ ਹਨ। ਪੂਰਨ ਸਿੰਘ ਕਾਵਿ ਵਿਚ ਸੁਹਜ ਨੂੰ ਇੰਦ੍ਰਿਆਵੀ ਸੁਹਜ ਦੇ ਰੂਪ ਵਿਚ ਦੇਵ, ਪ੍ਰਕਿਰਤੀ, ਮਨੁੱਖਾਂ ਆਦਿ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ ਜਿਸ ਨਾਲ ਸੁਹਜ ਨੂੰ ਇਕ ਉੱਚ ਤੇ ਆਨੰਦਦਾਇਕ ਮੁੱਲ ਵਜੋਂ ਮਾਨਤਾ ਮਿਲੀ ।"[7]

ਲੌਕਿਕ ਅਤੇ ਪਾਰਲੌਕਿਕ ਸੁਹਜ ਦੀ ਇਕ-ਰੂਪਤਾ ਦੇ ਦਰਸ਼ਨ ਪੂਰਨ ਸਿੰਘ ਕਾਵਿ ਵਿਚ ਹੁੰਦੇ ਹਨ :

ਝਨਾ ਦੀ ਲਹਿਰ ਛਾਲ ਮਾਰ ਆਈ
ਉਹਦੀ ਝੋਲ ਵਿਚ
ਵੱਟਾ ਵੱਟਾ, ਬੂਟਾ-ਬੂਟਾ ਰੁਕਿਆ
ਬੰਨ੍ਹ ਪੰਖੇਰੂ ਉਹਦਾ ਨਾਮ ਲੈਂਦੇ।[8]

ਇਸੇ ਹੀ ਪ੍ਰਵਿਰਤੀ ਦੀ ਵਿਕਾਸਸ਼ੀਲਤਾ ਦਾ ਪ੍ਰਮਾਣ ਦੀਵਾਨ ਸਿੰਘ ਕਾਲੇਪਾਣੀ ਦੀ ਰਚਨਾ ਵਿਚ ਮਿਲਦਾ ਹੈ। ਨਵਾਂ ਧਰਮ, ਨਵਾਂ ਸਮਾਜ ਅਤੇ ਨਵੀ ਮਨੁੱਖੀ ਮਾਨਸਿਕਤਾ ਦੀ ਸਿਰਜਨਾ ਦੁਆਰਾ ਮਨੁੱਖੀ ਜੀਵਨ ਨੂੰ ਸੁਹਜਾਤਮਕ ਬਣਾਉਣ ਦੀ ਸਹਿਜ ਪ੍ਰੇਰਣਾ ਇਸ ਕਾਵਿ ਦੀ ਵਿਲਖਣਯ ਹੈ। ਅੰਮ੍ਰਿਤਾ-ਪ੍ਰੀਤਮ ਦੇ ਸਮਕਾਲੀ ਮੋਹਨ ਸਿੰਘ ਦੀ ਆਪਣੀ ਪ੍ਰਗਤੀਵਾਦੀ ਵਿਚਾਰਧਾਰਾ ਨਾਲ ਸੰਬੰਧਿਤ ਕਵਿਤਾਵਾਂ ਵਿਚ ਆਏ ਹੁਸਨ-ਇਸ਼ਕ ਦੇ ਬਿੰਬ ਸੁਹਜਵਾਦੀ ਪ੍ਰਵਿਰਤੀ ਦੇ ਧਾਰਨੀ ਹਨ। ਔਰਤ ਦੇ ਕੋਮਲ ਜਜ਼ਬਿਆਂ ਦਾ ਸੁਹਜਾਤਮਕ ਪ੍ਰਸਤੁਤੀਕਰਨ ਕਰਦੀ ਹੋਈ ਅੰਮ੍ਰਿਤਾ ਪ੍ਰੀਤਮ ਲਿਖਦੀ ਹੈ :

ਰਲ ਗਈ ਸੀ ਏਸ ਵਿਚ
ਇਕ ਬੂੰਦ ਤੇਰੇ ਇਸ਼ਕ ਦੀ,
ਇਸ ਲਈ ਮੈਂ ਉਮਰ ਦੀ
ਸਾਰੀ ਕੁੜਿਤਣ ਪੀ ਲਈ।[9]

ਪੰਜਾਬੀ ਦੇ ਪ੍ਰਸਿੱਧ ਕਵੀ ਬਾਵਾ-ਬਲਵੰਤ ਦੀ ਕਵਿਤਾ ਵਿਚ ਵਿਅਕਤੀਗਤ ਸੁਹਜ-ਬਿਰਤੀ ਅਤੇ ਪ੍ਰਗਤੀਵਾਦੀ ਆਦਰਸ਼ ਦਾ ਸੁਮੇਲ ਦਿਖਾਈ ਦਿੰਦਾ ਹੈ। ਇਸ ਤੋਂ ਛੁੱਟ ਆਧੁਨਿਕ ਪੰਜਾਬੀ ਕਾਵਿ ਦੀ ਜੁਝਾਰ ਵਿਦ੍ਰੋਹੀ ਕਾਵਿ-ਧਾਰਾ ਦੇ ਚਿੰਤਕਾਂ ਅਮਰਜੀਤ ਚੰਦਨ, ਪਾਸ਼, ਲਾਲ ਸਿੰਘ ਦਿਲ। ਸੁਰਜੀਤ ਪਾਤਰ ਆਦਿ ਦੀਆਂ ਰਚਨਾਵਾਂ ਵਿਚ ਇਨਕਲਾਬੀ ਚੇਤਨਾ ਅਤੇ ਰਚਨਾਤਮਕ ਸੁਹਜ ਵਿਚ ਸੁਮੇਲ ਸਥਾਪਿਤ ਕਰਨ ਦੀ ਰੁਚੀ ਪ੍ਰਗਟ ਹੁੰਦੀ ਹੈ। ਜਿਵੇਂ

ਹੁਣ ਮਾਸੂਮੀਅਤ ਕੈਸੀ
ਹੁਣ ਤਾਂ ਪਤਾ ਹੈ ਕਿ ਜੰਡ ਤੇ ਤਕਰਸ
ਸਾਹਿਬਾ ਨੇ ਨਹੀ ਸਖੀਆਂ ਨੇ ਟੰਗਿਆਂ ਸੀ
ਹੁਣ ਤਾਂ ਪਤਾ ਹੈ ਮਹਿਕ ਨੂੰ ਵੀ ਦੰਦ ਹੁੰਦੇ ਨੇ
ਹੁਣ ਤਾਂ ਪਤਾ ਹੈ ਹਵਾ ਨੂੰ ਵੀ ਹੱਥ ਉਗ ਪੈਂਦੇ ਹਨ
ਜੇ ਕੰਗਣ ਸੋਨੇ ਦਾ ਹੋਵੇ ਤਾਂ।[10]

ਇਸ ਤਰ੍ਹਾਂ ਇਹ ਮੰਨਿਆ ਜਾ ਸਕਦਾ ਹੈ ਕਿ ਪੰਜਾਬੀ ਕਵਿਤਾ ਦੇ ਵਿਕਾਸ ਉੱਤੇ ਸੁਹਜਵਾਦ ਦਾ ਵੀ ਉਘੜਵਾਂ ਪ੍ਰਭਾਵ ਪਿਆ। ਇਸ ਵਾਦ ਨੇ ਵੀ ਪ੍ਰਗਤੀਵਾਦ, ਰੁਮਾਂਸਵਾਦ ਅਤੇ ਮਾਰਕਸਵਾਦ ਦੇ ਸਮਾਨਾਂਤਰ ਤੁਰਦਿਆਂ ਆਪਣੀ ਨਿਵੇਕਲੀ ਪਰੰਪਰਾ ਕਾਇਮ ਕੀਤੀ। ਕਵਿਤਾ ਮੁਢ ਤੋਂ ਹੀ ਮਨੁੱਖੀ ਜੀਵਨ ਦਾ ਅਹਿਮ ਭਾਗ ਬਣੀ ਹੋਈ ਹੈ। ਹਰ ਯੁੱਗ ਵਿਚ ਇਸਦੇ ਰੋਲ ਤੇ ਪ੍ਰਕਾਰਜ ਬਦਲਦੇ ਰਹੇ ਹਨ ਅਤੇ ਕਲਾਤਮਕ ਅਨੁਭਵ ਜਦੋਂ ਅਨੁਭੂਤੀ ਬਣਦੇ ਹਨ ਤਾਂ ਸੁਹਜ ਦੇ ਸਿਰਜਕ ਹੋ ਨਿਬੜਦੇ ਹਨ।

**ਹਵਾਲੇ ਅਤੇ ਟਿੱਪਣੀਆਂ**----------------------------------------------------------------


1 ਸੰਪਾਦਕ ਡਾ. ਰਤਨ ਸਿੰਘ ਜੱਗੀ, ਖੋਜ ਪਤ੍ਰਿਕਾ, ਸਾਹਿਤਕ ਵਾਦ ਅੰਕ, ਮਾਰਚ 1988, ਪੰਨਾ 75
2 ਉਹੀ, ਪੰਨਾ 76
3 ਉਹੀ, ਪੰਨਾ 77
4 ਉਹੀ, ਪੰਨਾ 77
5 ਉਹੀ, ਪੰਨਾ 81
6 ਸੰਪਾਦਕ ਰਤਨ ਸਿੰਘ ਜੱਗੀ, ਖੋਜ ਪ੍ਰਤ੍ਰਿਕਾ, ਆਧੁਨਿਕ ਕਾਵਿ ਅੰਕ, ਪੰਨਾ 136
7 ਉਹੀ, ਪੰਨਾ 138
8 ਉਹੀ, ਪੰਨਾ 138
9 ਅੰਮ੍ਰਿਤਾ ਪ੍ਰੀਤਮ, 'ਕਾਗਜ਼ ਤੇ ਕੈਨਵਸ ਤੋਂ ਪਹਿਲਾ', ਪੰਨਾ
10 ਸੁਰਜੀਤ ਪਾਤਰ, 'ਚੌਕ ਸਹੀਦਾਂ' ਚ ਆਖਰੀ ਭਾਸ਼ਣ